# PUNJABI*

**(2019-20)**

**Code No - 104**

**Class XI**

**One Paper** **3Hrs** **MM 80**

ਇਕ ਪੇਪਰ 3 ਘੰਟੇ ਅੰਕ 80

ਸੀਨੀਅਰ ਸੈਕੰਡਰੀ ਪੱਧਰ ਤੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀ, ਦਸਵੀਂ ਤੱਕ ਪੰਜਾਬੀ ਭਾਸ਼ਾ ਦਾ ਅਧਿਐਨ ਕਰ ਆਏ ਹਨ। ਉਹਨਾਂ ਦੇ ਗਿਆਨ ਦਾ ਘੇਰਾ, ਘਰ-ਪਰਵਾਰ, ਸਕੂਲ, ਪ੍ਰਾਂਤ ਅਤੇ ਦੇਸ ਤੋਂ ਅੱਗੇ ਕੌਮਾਂਤਰੀ ਪੱਧਰ ਤੱਕ ਫੈਲ ਚੁੱਕਾ ਹੈ। ਉਹ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪਰਿਪੇਖ ਵਿੱਚ ਆਪਣੀ ਸੋਚ ਵਿਕਸਤ ਕਰ ਰਹੇ ਹਨ। ਉਹ ਸਾਹਿਤ ਦੇ ਰੂਪਾਂ ਅਤੇ ਰੂਪਾਕਾਰਾਂ ਬਾਰੇ ਵੀ ਕੁੱਝ-ਕੁੱਝ ਜਾਣਦੇ ਹਨ। ਉਹਨਾਂ ਦਾ ਵਿਆਕਰਨ ਦਾ ਗਿਆਨ ਕਾਫ਼ੀ ਚੰਗੇਰਾ ਹੋ ਚੁੱਕਿਆ ਹੈ। ਉਹ ਖ਼ੁਦ ਵੀ ਕਿਸ਼ੋਰ ਹੋ ਗਏ ਹਨ, ਸੋ ਭਾਸ਼ਾ ਦੀ ਸਹੀ ਰੂਪ ਵਿੱਚ ਵਰਤੋਂ ਉਹਨਾਂ ਦੀ ਸ਼ਖ਼ਸ਼ੀਅਤ ਤੇ ਬੌਧਿਕ ਵਿਕਾਸ ਵਿੱਚ ਸਹਾਈ ਹੋ ਰਹੀ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਹੀ ਨਹੀਂ ਮੌਲਿਕ ਲੇਖਣ ਅਤੇ ਮੌਖਿਕ ਪ੍ਰਗਟਾ ਵੀ ਉਹਨਾਂ ਨੂੰ ਖੁਸ਼ੀ ਪ੍ਰਦਾਨ ਕਰਦਾ ਹੈ। ਸੋ ਇਹ ਜਤਨ ਕਿ ਵਿਦਿਆਰਥੀ ਆਪਣੇ ਖਿਲਰੇ-ਪੁਲਰੇ ਵਿਚਾਰਾਂ ਨੂੰ ਬੜੇ ਸਰਲ, ਸਹਿਜ ਤੇ ਮੌਲਿਕ ਰੂਪ ਵਿੱਚ ਪੇਸ਼ ਕਰਨ ਦੀ ਸਮਰੱਥਾ ਵਧਾ ਸਕੇ।

ਵਿਸ਼ਵ ਪੱਧਰ ਤੇ ਪੰਜਾਬੀ ਭਾਸ਼ਾ ਪ੍ਰਗਾਸ ਕਰ ਚੁੱਕੀ ਹੈ। ਜਿਸ ਸਦਕਾ ਵਿੱਦਿਆ ਦੇ ਖੇਤਰ ਵਿੱਚ ਸੰਸਾਰ ਪੱਧਰ ਦੀਆਂ ਭਾਸ਼ਾਵਾਂ ਨੇ ਜਿਵੇਂ-ਜਿਵੇਂ ਅੰਤਰਰਾਸ਼ਟਰੀ ਮੰਚ ਉੱਤੇ ਆਪਣਾ ਪ੍ਰਭਾਵ ਪਾਇਆ ਹੈ। ਉਸੇ ਤਰ੍ਹਾਂ ਪੰਜਾਬੀ ਭਾਸ਼ਾ ਨੇ ਵੀ ਆਪਣੇ ਸੱਭਿਆਚਾਰ ਤੇ ਸੰਸਕ੍ਰਿਤੀ ਨਾਲ ਵਿਸ਼ਵੀਕਰਨ ਦੇ ਦੌਰ ਵਿੱਚ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ।

ਭਾਸ਼ਾ ਦੇ ਪ੍ਰਗਟਾਅ ਲਈ ਸੀਬੀਐੱਸਈ ਨੇ ਵੀ ਅਹਿਮ ਉਪਰਾਲਾ ਕਰਕੇ ਪਾਠਕ੍ਰਮ ਨੂੰ ਉਚੇਚੇ ਤੇ ਵਿਸ਼ੇਸ਼ ਢੰਗ ਨਾਲ ਉਸ ਵਿੱਚ ਬਦਲਾਓ ਲਿਆਉਂਦੇ ਹੋਏ **20 ਅੰਕਾਂ ਦੇ ਆਂਤਰਿਕ ਮੁਲਾਂਕਣ** ਨਾਲ ਵਿਅਕਤੀਗਤ ਪੜਚੋਲ ਰਾਹੀਂ ਵਿਦਿਆਰਥੀ ਦੀ ਸ਼ਖਸ਼ੀਅਤ ਨੂੰ ਉਭਾਰਣ ਦਾ ਉਪਰਾਲਾ ਕੀਤਾ ਹੈ। **80 ਅੰਕ** ਪਰੰਪਰਾ ਨੂੰ ਅੱਗੇ ਤੋਰਦੇ ਹੋਏ **ਲਿਖਤੀ ਪਰੀਖਿਆ** ਲਈ ਰਾਖਵੇਂ ਰੱਖੇ ਗਏ ਹਨ।

ਪੰਜਾਬੀ ਭਾਸ਼ਾ ਦਾ ਵਿਸ਼ੇਸ਼ ਦਰਜਾ ਹੋਣ ਕਰਕੇ ਵਿਦਿਆਰਥੀ ਦਾ **ਆਂਤਰਿਕ ਮੁਲਾਂਕਣ ਪਰੀਖਿਅਕ** ਵੱਲੋਂ ਕੀਤਾ ਜਾਣਾ ਜ਼ਰੂਰੀ ਹੈ।

## 1. ਸਲਾਨਾ ਲਿਖਤੀ ਪਰੀਖਿਆ

**(Year End Written Exam - 80 Marks)**

| ਇਕਾਈ /ਸਿੱਖਣ ਦਾ ਖੇਤਰ | ਅੰਕ | | ਪੀਰੀਅਡ | |
|---|---|---|---|---|
| **ਭਾਸ਼ਾ** | | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 5 | 40 | 10 | |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 15 | | 25 | |
| (ੲ) ਪਿੰਗਲ ਦੇ ਰੂਪ ਅਤੇ ਵਿਆਕਰਨ | 20 | | 40 | |
| **ਸਾਹਿਤ** | | 40 | 85 | |

## 2. ਆਂਤਰਿਕ ਮੁਲਾਂਕਣ

**(Internal Assesment - 20 Marks)**

| | |
|---|---|
| 1. **ਪ੍ਰੋਜੈਕਟ (PROJECT)** | **10 ਅੰਕ** |
| 2. **LS/ ਸੁਣਨ, ਬੋਲਣ ਤੇ ਅਧਾਰਿਤ** | **5 ਅੰਕ** |
| 3. **ਲਿਖਤੀ** (ਕਿਸੇ ਵੀ ਵਿਸ਼ੇ ਤੇ ਮੌਕੇ ਉੱਤੇ ਲਿਖਣਾ) | **5 ਅੰਕ** |

## I. ਭਾਸ਼ਾ 40

### (1) ਅਡਵਾਂਸ ਪੜ੍ਹਨ ਕੌਸ਼ਲ 20

ਜਾਣਕਾਰੀ ਭਰਪੂਰ **ਇੱਕ ਅਣਡਿੱਠਾ** ਪੈਰਾ ਤੇ ਉਸ ਨਾਲ ਸੰਬੰਧਤ **5** ਪ੍ਰਸ਼ਨ

### (2) ਪ੍ਰਭਾਵਸ਼ਾਲੀ ਲਿਖਣ-ਕੌਸ਼ਲ

ਇਸ ਵਿੱਚ ਵੱਖ-ਵੱਖ ਪ੍ਰਸ਼ਨ ਹੇਠ ਲਿਖੇ ਅਨੁਸਾਰ ਪਰਖੇ ਜਾਣਗੇ

1. ਅਖ਼ਬਾਰਾਂ ਲਈ ਰਿਪੋਰਟ ਰਚਨਾ (100 ਸ਼ਬਦ) **(ਚੋਣ ਅਧਾਰਿਤ)**
2. ਸਮਾਜਿਕ, ਸੱਭਿਆਚਾਰਕ ਅਤੇ ਮਨੋਰੰਜਨ ਵਿਸ਼ੇ ਸੰਬੰਧੀ 200-250 ਸ਼ਬਦਾਂ 'ਚ ਲੇਖ **(ਚੋਣ ਅਧਾਰਿਤ)**

**(3) ਪਿੰਗਲ ਦੇ ਰੂਪ ਅਤੇ ਵਿਆਕਰਨ** **20**

1. **ਅਲੰਕਾਰ :** ਅਨੁਪ੍ਰਾਸ, ਰੂਪਕ, ਉਪਮਾ 4

ਪਰਿਭਾਸ਼ਾ ਤੇ ਉਦਾਹਰਨ (**ਛੋਟੇ ਪ੍ਰਸ਼ਨ**)

2. **ਰਸ :** ਸ਼ਿੰਗਾਰ ਰਸ, ਹਾਸ ਰਸ, ਕਰੁਣਾ ਰਸ **3**

ਪਰਿਭਾਸ਼ਾ ਤੇ ਉਦਾਹਰਨ (**ਛੋਟੇ ਪ੍ਰਸ਼ਨ**)

3. **ਅਲੰਕਾਰ ਅਤੇ ਰਸ (ਬਹੁਵਿਕਲਪੀ)** **3**

4. **ਅਖਾਣ :** ੳ ਤੋਂ ਹ ਤੱਕ **5**

(ੳ) ਅਖਾਣ (**ਛੋਟੇ ਪ੍ਰਸ਼ਨ**) (1X3)

(ਅ) ਅਖਾਣ (**ਬਹੁਵਿਕਲਪੀ**) (1X2)

5. **ਸ਼ਬਦ ਸ਼ੁੱਧੀ** **5**

(ੳ) ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਨਾ (**ਛੋਟੇ ਪ੍ਰਸ਼ਨ**) (1X3)

(ਅ) ਸ਼ੁੱਧ ਸ਼ਬਦ ਚੁਣੋ (**ਬਹੁਵਿਕਲਪੀ**) (1X2)

## II. ਸਾਹਿਤ **40**

**(1) ਕਵਿਤਾ**

ਦਿੱਤੀਆਂ ਗਈਆਂ **ਦੋ ਕਾਵਿ**-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ (2+4)=**6**

**(2) ਵਾਰਤਕ**

ਦਿੱਤੇ ਗਏ 7 ਪ੍ਰਸ਼ਨਾਂ ਵਿਚੋਂ **ਕਿਸੇ 5** ਦੇ ਉੱਤਰ ਦੇਣੇ (2X5)=**10**

**(3) ਨਾਟਕ**

ਨਾਟਕ ਦੇ **ਵਿਸ਼ੇ ਵਸਤੂ, ਪਾਤਰ ਚਿਤਰਨ** ਅਤੇ **ਕਥਾਨਕ** ਸੰਬੰਧੀ ਦਿੱਤੇ **2 ਪ੍ਰਸਨਾਂ** ਵਿਚੋਂ ਇੱਕ ਹੱਲ ਕਰਨਾ (1X8)=**8**

**(4)** I. ਬਹੁਵਿਕਲਪੀ 4 ਪ੍ਰਸ਼ਨ (1X4)=**4**
II. ਅਤਿ ਛੋਟੇ 4 ਪ੍ਰਸ਼ਨ (1X4)=**4**
(ਇਹ 8 ਪ੍ਰਸ਼ਨ ਪਾਠ ਪੁਸਤਕ **ਕਾਵਿ ਰੰਗ ਤੇ ਵਾਰਤਕ ਰਿਸ਼ਮਾਂ** ਵਿਚੋਂ)

**(5) ਪੰਜਾਬੀ ਸਾਹਿਤ ਦੇ ਰੂਪ**—ਕਵਿਤਾ ਤੇ ਨਾਟਕ ((ਵਿਕਾਸ ਤੇ ਨਿਕਾਸ) **8**

# ਨਿਰਧਾਰਤ ਪੁਸਤਕਾਂ ਅਤੇ ਚੌਣਵੇਂ ਪਾਠ *ਚੌਣਵੀਂ ਪੰਜਾਬੀ

1. **ਵਾਰਤਕ ਰਿਸ਼ਮਾਂ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92

| | |
|---|---|
| (1) **ਕਿਰਤ ਤੇ ਮਿੱਠਾ ਬੋਲਣਾ** | (2) **ਹੱਸਣਾ ਤੇ ਕੂਕਣਾ** |
| (3) **ਘੜੱਮ ਚੌਧਰੀ** | (4) **ਨੈਸ਼ਨਲ ਸਟੇਡੀਅਮ ਦੀਆਂ ਯਾਦਾਂ** |
| (5) **ਮੁਆਫ਼ ਕਰਨਾ** | (6) **ਝਝੈ ਕਦੇ ਨਾ ਝੂਰਹਿ ਮੂੜੇ** |

2. **ਕਾਵਿ ਰੰਗ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92

| | |
|---|---|
| (1) **ਗੁਰੂ ਰਾਮਦਾਸ ਜੀ** | (2) **ਗੁਰੂ ਗੋਬਿੰਦ ਸਿੰਘ ਜੀ** |
| (3) **ਬੁੱਲ੍ਹੇਸ਼ਾਹ** | (4) **ਵਾਰਿਸ ਸ਼ਾਹ** |
| (5) **ਚਰਨ ਸਿੰਘ ਸ਼ਹੀਦ** | (6) **ਬਚਨ ਬੇਦਿਲ** |

3. **ਰਿਸ਼ਤੇ *(ਨਾਟਕ), ਵਰਿਆਮ ਮਸਤ,*** ਪ੍ਰਕਾਸ਼ਕ, ਸ਼ਿਲਾਲੇਖ, 4/32 ਸ਼ੁਭਾਸ ਗਲੀ, ਵਿਸ਼ਵਾਸ ਨਗਰ, ਦਿੱਲੀ-32

# ਗਿਆਰ੍ਹਵੀਂ ਜਮਾਤ ਦੀ ਮੁੱਢਲੀ ਅੰਕ ਬਣਤਰ (ਕੁੱਲ ਅੰਕ 80) (ਅਪ੍ਰੈਲ 2019 ਤੋਂ ਮਾਰਚ 2020)

| ਕ੍ਰਮ ਨੰ. | ਸਿੱਖਣ ਸਿਖਾਉਣ ਦੀ ਮੁਲਾਂਕਣ ਵਿਧੀ/ਕੌਸ਼ਲ | ਅਤਿ ਛੋਟੇ ਪ੍ਰਸ਼ਨ 1 ਅੰਕ | ਛੋਟੇ ਪ੍ਰਸ਼ਨ 2,3 ਅੰਕ | ਲੰਮੇ ਪ੍ਰਸ਼ਨ 4,5,6ਅੰਕ | ਅਤਿ ਲੰਮੇ ਪ੍ਰਸ਼ਨ 8ਅਤੇ10ਅੰਕ | ਅੰਕ | % |
|---|---|---|---|---|---|---|---|
| 1. | **ਪ੍ਰਸ਼ਨਾਂ ਦੀਆਂ ਕਿਸਮਾਂ**<br>**ਯਾਦ ਰੱਖਣਯੋਗ**<br>(ਪਾਠ ਪੁਸਤਕਾਂ ਤੇ ਅਧਾਰਤ)<br>**ਸਾਹਿਤ** | 4(ਛੋਟੇ ਪ੍ਰਸ਼ਨ)(VSQ)<br>4 (ਬਹੁਵਿਕਲਪੀ) (MCQ) | 5(2ਅੰਕ ਵਾਲੇ) (SQ) | 1(6ਅੰਕ)(LQ)<br>1(8ਅੰਕ)(LQ) | 1(8ਅੰਕ) (LQ) | 40 | 50.00% |
| 2. | **ਸਮਝ-ਸੂਝ ਅਧਾਰਤ**<br>(ਗਿਆਨ ਬੋਧ-ਅਣਡਿੱਠਾ ਪੈਰਾ) | 5 (ਛੋਟੇ ਪ੍ਰਸ਼ਨ) (VSQ) | -- | | | 5 | 6.25% |
| 3. | **ਵਿਹਾਰਕ**<br>(ਵਿਹਾਰਕ ਗਿਆਨ ਦੇ ਨਵੇਂ ਸਿਧਾਂਤ) | 6(ਛੋਟੇ ਪ੍ਰਸ਼ਨ)(VSQ)<br>7(ਬਹੁਵਿਕਲਪੀ)(MCQ) | 1(3ਅੰਕ ਵਾਲੇ) (SQ) | 1(4ਅੰਕ ਵਾਲੇ) (LQ) | | 20 | 25.00% |
| 4. | **ਸਿਰਜਣਾਤਮਕ**<br>(ਸਥਿਤੀ ਜਾਂ ਵਿਚਾਰ ਦੀ ਪਰਖ ਲਈ ਰਚਨਾਤਮਕ ਮੁਲਾਂਕਣ) | --- | | 1(5 ਅੰਕ) (LQ)<br>1(10 ਅੰਕ) (LQ) | | 15 | 18.75% |
| | **ਕੁਲ ਅੰਕ** | | | | | 80 | 100% |

**ਜਮਾਤ ਗਿਆਰ੍ਹਵੀਂ ਵਿੱਚ ਪੰਜਾਬੀ ਵਿਸ਼ੇ ਦੀਆਂ ਗਤੀਵਿਧੀਆਂ ਅਤੇ ਮੁਲਾਂਕਣ**
**Guidelines for Internal Assessment**

# ਪ੍ਰੋਜੈਕਟ (PROJECT)

## ਲਈ ਦਿਸ਼ਾ ਨਿਰਦੇਸ਼

1. ਅਧਿਆਪਕ ਵਿਦਿਆਰਥੀ ਨੂੰ ਦੋ ਵਿਸ਼ੇ ਵਿੱਚੋਂ ਕਿਸੇ ਇੱਕ ਤੇ ਪ੍ਰੋਜੈਕਟ ਬਣਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕਰੇਗਾ।
2. ਇਹ ਪ੍ਰੋਜੈਕਟ 10 ਤੋਂ 15 ਪੰਨਿਆਂ ਦਾ ਤਸਵੀਰਾਂ ਸਹਿਤ ਲਿਖਤੀ ਰੂਪ ਵਿੱਚ ਹੋਵੇਗਾ।
3. ਅਧਿਆਪਕ ਵਿਦਿਆਰਥੀ ਨੂੰ ਪ੍ਰੋਜੈਕਟ ਦੀ ਚੋਣ ਲਈ ਸਹਾਇਤਾ ਕਰੇਗਾ।
4. ਅਧਿਆਪਕ ਪ੍ਰੋਜੈਕਟ ਦਾ ਸਮੇਂ-ਸਮੇਂ ਤੇ ਨਿਰੀਖਣ ਕਰੇਗਾ।
5. ਅਧਿਆਪਕ ਹਰੇਕ ਪੱਖ ਤੋਂ ਵਿਦਿਆਰਥੀ ਨੂੰ ਸਲਾਹ ਤੇ ਖੋਜ ਕਰਨ ਲਈ ਪ੍ਰੇਰਿਤ ਕਰੇਗਾ।
6. ਅਧਿਆਪਕ ਨੇ ਪ੍ਰੋਜੈਕਟ ਰਾਹੀਂ ਵਿਦਿਆਰਥੀ ਨੂੰ ਦੇਖਣਾ ਹੈ ਕਿ ਉਹ ਇਸ ਦੁਆਰਾ ਕੁੱਝ ਸਿੱਖ ਰਿਹਾ ਹੈ। ਜੇਕਰ ਵਿਦਿਆਰਥੀ ਨੂੰ ਪ੍ਰੋਜੈਕਟ ਸੰਬੰਧੀ ਪ੍ਰਸ਼ਨ ਪੁੱਛੇ ਜਾਣ ਤਾਂ ਉਹ ਤਸੱਲੀ ਬਖਸ਼ ਜੁਆਬ ਦੇ ਸਕੇ।
7. ਅਧਿਆਪਕ ਵਿਦਿਆਰਥੀ ਦੇ ਪ੍ਰੋਜੈਕਟ ਦਾ ਨਿਰੀਖਣ ਕਰਨ ਲਈ ਕਲਾਸ ਰੂਮ ਵਿੱਚ ਪ੍ਰਬੰਧ ਕਰੇਗਾ।
8. ਅਧਿਆਪਕ ਇਹ ਪੱਕਾ ਕਰੇ ਕਿ ਵਿਦਿਆਰਥੀ ਨੇ ਉਸ ਪ੍ਰੋਜੈਕਟ ਬਾਰੇ ਹਰ ਪੱਖ ਤੋਂ ਜਾਣਕਾਰੀ ਹਾਸਲ ਕਰ ਲਈ ਹੈ।

## ਪ੍ਰੋਜੈਕਟ ਬਣਾਉਣ ਦਾ ਉਦੇਸ਼

1. ਵਿਦਿਆਰਥੀ ਨੂੰ ਹਰੇਕ ਪੱਖ ਤੋਂ ਖੋਜ ਕਰਨ ਲਈ ਪ੍ਰਤਿਭਾਸ਼ਾਲੀ ਤੇ ਨਿਪੁੰਨ ਬਣਾਉਣਾ ਹੈ।
2. ਅਧਿਆਪਕ ਨੇ ਵਿਦਿਆਰਥੀ ਨੂੰ ਪ੍ਰੋਜੈਕਟ ਬਣਾਉਣ ਲਈ ਮੌਕੇ ਮੁਹੱਈਆ ਕਰਾਉਣੇ ਹਨ। ਜਿਨਾਂ ਰਾਹੀਂ ਵਿਦਿਆਰਥੀ ਨੇ ਆਪਣੀ ਤੇ ਆਲੇ-ਦੁਆਲੇ ਦੀ ਜਾਣਕਾਰੀ ਦੇ ਨਾਲ-ਨਾਲ ਸ਼ਖਸ਼ੀਅਤ ਦਾ ਨਿਖਾਰ ਕਰਨਾ ਹੈ।
3. ਵਿਦਿਆਰਥੀ ਨੇ ਇਸ ਪ੍ਰੋਜੈਕਟ ਦੁਆਰਾ ਦੇਸ਼ ਵਿੱਚ ਹੀ ਨਹੀਂ ਵਿਦੇਸ਼ ਵਿੱਚ ਹੀ ਪਛਾਣ ਬਣਾਉਣੀ ਹੈ।
4. ਅਧਿਆਪਕ ਨੇ ਵਿਦਿਆਰਥੀ ਨੂੰ ਪ੍ਰੋਜੈਕਟ ਰਾਹੀਂ ਦਲੀਲ ਭਰਪੂਰ ਤਕਨੀਕ ਤੋਂ ਜਾਣੂ ਕਰਾਉਣਾ ਹੈ।
5. ਪ੍ਰੋਜੈਕਟ ਰਾਹੀਂ ਅਧਿਆਪਕ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਸਿਹਤਮੰਦ ਭਾਵਨਾ ਨੂੰ ਉਜਾਗਰ ਕਰੇਗਾ।
6. ਅਧਿਆਪਕ ਨੇ ਵਿਦਿਆਰਥੀਆਂ ਦੀ ਸ਼ਖਸ਼ੀਅਤ ਨੂੰ ਬਹੁ-ਅਯਾਮੀ ਪੱਖ ਤੋਂ ਵਿਸ਼ਵ-ਵਿਆਪੀ ਬਣਾਉਣਾ ਹੈ।

## ਪ੍ਰੋਜੈਕਟ ਦੀ ਸੰਭਾਵਨਾਵਾਂ ਬਾਰੇ ਅਧਿਆਪਕ ਵਿਦਿਆਰਥੀਆਂ ਨੂੰ ਸੇਧ ਦੇਵੇਗਾ

1. ਜਾਣ-ਪਛਾਣ
2. ਵਿਸ਼ੇ ਬਾਰੇ ਵਿਸਤਾਰ ਸਹਿਤ ਜਾਣਕਾਰੀ
3. ਵਿਸ਼ੇ ਦੀ ਸਾਰਥਕਤਾ ਤੇ ਸੰਭਾਵਨਾਵਾਂ
4. ਪ੍ਰੋਜੈਕਟ ਦਾ ਆਲੋਚਨਾਤਮਕ ਪੱਖ
5. ਵਿਦਿਆਰਥੀ ਦੇ ਪ੍ਰੋਜੈਕਟ ਬਾਰੇ ਵਿਚਾਰ ਤੇ ਸੁਝਾਅ

**ਪੂਰਾ ਸਾਲ ਵਿਦਿਆਰਥੀ ਨੂੰ ਪਰਖਣ ਦੇ ਆਧਾਰ ਤੇ ਜਿਵੇਂ ਬੋਲ-ਚਾਲ, ਪ੍ਰਸ਼ਨ-ਉੱਤਰ ਤੇ ਦਲੀਲ ਭਰਪੂਰ ਜਾਣਕਾਰੀ**

**ਵੱਖਰੇ-ਵੱਖਰੇ ਵਿਸ਼ਿਆਂ ਤੋਂ ਲਏ ਗਏ ਅੰਕਾਂ ਨੂੰ ਸਾਹਮਣੇ ਰੱਖ ਕੇ ਵਿਦਿਆਰਥੀ ਦਾ ਮੁਲਾਂਕਣ**

**ਸੰਸਥਾ ਦੇ ਸਾਰੇ ਵਿਦਿਆਰਥੀਆਂ ਨੂੰ ਸਾਹਮਣੇ ਰੱਖਕੇ ਵਿਦਿਆਰਥੀ ਦਾ ਮੁਲਾਂਕਣ**

## ਪ੍ਰੋਜੈਕਟ ਲਈ ਅੰਕ ਮੁਲਾਂਕਣ

| | |
|---|---|
| 1. ਸਹੀ ਵਿਸ਼ਾ ਚੋਣ ਤੇ ਪੇਸ਼ਕਾਰੀ | 2 ਅੰਕ |
| 2. ਖੋਜ ਭਰਪੂਰ ਵਿਆਖਿਆ | 5 ਅੰਕ |
| 3. ਸ਼ਖਸ਼ੀਅਤ ਦਾ ਮੁਲਾਂਕਣ (VIVA) | 3 ਅੰਕ |
| ਕੁਲ | 10 ਅੰਕ |

**ਨੋਟ—ਪਰੀਖਿਅਕ ਨੇ ਉਪਰੋਕਤ ਦਿੱਤੇ ਗਏ ਸੁਝਾਅ ਅਨੁਸਾਰ ਵਿਦਿਆਰਥੀ ਦਾ ਮੁਲਾਂਕਣ ਕਰਨਾ ਹੈ।**

## ਕੁੱਝ ਚੋਣਵੇਂ

# ਪ੍ਰੋਜੈਕਟ (PROJECT)

1. ਸੱਭਿਆਚਾਰਕ ਗਤੀਵਿਧੀਆਂ (ਲੋਕਨਾਚ, ਲੋਕਗੀਤ, ਲੋਕ ਬੋਲੀਆਂ)
2. ਪੁਸਤਕ ਸਮੀਖਿਆ
3. ਸਲੋਗਨ ਲੇਖਣ
4. ਪੇਂਡੂ ਅਤੇ ਸ਼ਹਿਰੀ ਜੀਵਨ
5. ਸਮਾਜਕ ਕੁਰੀਤੀਆਂ (ਦਾਜ, ਭਰੂਣ ਹੱਤਿਆ, ਨਸ਼ੇ)
6. ਮਾਂ ਬੋਲੀ (ਮਹਤੱਤਾ ਤੇ ਪ੍ਰਚਾਰ-ਪ੍ਰਸਾਰ)
7. ਪੰਜਾਬੀ ਪਹਿਰਾਵਾ
8. ਪੰਜਾਬੀ ਰਹਿਣ-ਸਹਿਣ
9. ਪੰਜਾਬੀ ਹਾਰ-ਸ਼ਿੰਗਾਰ
10. ਵਿਰਾਸਤੀ ਖੇਡਾਂ